# ਯੂ.ਪੀ. ਅਤੇ ਹੋਰਨਾਂ ਥਾਂਵਾਂ ਤੇ ਜ਼ਮੀਨ ਦਾ ਮਸਲਾ

ਪਿਛਲੇ ਕੁਝ ਸਾਲਾਂ ਚ ਹਿੰਦੁਸਤਾਨ ਦੇ ਕਈ ਹਿੱਸਿਆਂ ਵਿਚ ਡਿਵੈਲਪਮੈਂਟ ਦੇ ਨਾਂ ਹੇਠ ਸਰਕਾਰ ਵਲੋਂ ਕਿਸਾਨਾਂ ਦੀਆਂ ਜ਼ਮੀਨਾਂ ਸਸਤੇ ਭਾਅ ਖ਼ਰੀਦ ਕੇ ਸਰਮਾਏਦਾਰਾਂ ਨੂੰ ਦੇਣ ਦੇ ਖ਼ਿਲਾਫ਼ ਘੋਲ ਹੁਣ ਤੇਜ਼ ਹੋ ਗਿਆ ਹੈ। ਲਾਲਗੜ੍ਹ, ਨੰਦੀਗਰਾਮ, ਸਿੰਗੂਰ, ਉੜੀਸਾ, ਛੱਤੀਸਗੜ੍ਹ ਅਤੇ ਹੋਰਨਾਂ ਇਲਾਕਿਆਂ ਵਿਚ ਇਹ ਘੋਲ ਪੁਲੀਸ ਅਤੇ ਨੀਮ ਫ਼ੌਜ ਨਾਲ ਮੁਕਾਬਲਿਆਂ ਦਾ ਰੂਪ ਵੀ ਲੈ ਚੁੱਕੇ ਹਨ। ਹਾਲ ਵਿਚ ਹੀ ਉੱਤਰ ਪ੍ਰਦੇਸ਼ ਵਿਚ ਬੀ.ਐਸ.ਪੀ ਦੀ ਮਾਯਾਵਤੀ ਸਰਕਾਰ ਵਲੋਂ ਕਿਸਾਨਾਂ ਦੀ ਜ਼ਮੀਨ ਖੋਹਣ ਦੇ ਖ਼ਿਲਾਫ਼ ਕਿਸਾਨਾਂ ਨੇ ਅਫਸਰਾਂ ਅਤੇ ਪੁਲੀਸ ਨੂੰ ਆਪਣੇ ਪਿੰਡਾਂ ਵਿਚੋਂ ਭਜਾ ਦਿਤਾ ਜਿਸਦੇ ਜਵਾਬ ਵਿਚ ਪੁਲੀਸ ਅਤੇ ਨੀਮ ਫ਼ੌਜ ਨੇ ਗੋਲੀ ਨਾਲ ਕਈ ਲੋਕਾਂ ਨੂੰ ਮਾਰ ਦਿਤਾ।

ਕਿਸਾਨਾਂ ਦੀ ਜ਼ਮੀਨ ਸਸਤੇ ਭਾਅ ਅਤੇ ਜਬਰੀ ਲੈ ਕੇ ਸਨਅਤਕਾਰਾਂ ਤੇ ਡਿਵੈਲਪਰਾਂ ਨੂੰ ਦੇਣ ਦਾ ਕੰਮ ਕਿਸੇ ਇਕ ਪਾਰਟੀ ਦਾ ਹੀ ਨਹੀਂ ਸਾਰੀਆਂ ਹੀ ਪਾਰਟੀਆਂ ਦੀਆਂ ਸਰਕਾਰਾਂ ਨੇ ਸੂਬਿਆਂ ਅਤੇ ਕੇਂਦਰ ਵਿਚ ਲੋਕਾਂ ਤੋਂ ਉਨ੍ਹਾਂ ਦੀਆਂ ਜ਼ਮੀਨਾਂ ਖੋਹੀਆਂ ਹਨ। ਪਰ ਉਹ ਇਕ ਦੂਜੇ ਉੱਤੇ ਆਪਣੇ ਸੌੜੇ ਹਿਤਾਂ ਲਈ ਹਮਲੇ ਕਰਦੀਆਂ ਰਹਿੰਦੀਆਂ ਹਨ।ਕੇਂਦਰੀ ਸਰਕਾਰ ਅਤੇ ਕਾਂਗਰਸ ਪਾਰਟੀ ਜੋ ਆਪ ਇਹੋ ਕੁਝ ਕਰਦੇ ਆਏ ਹਨ ਪਰ ਯੂ.ਪੀ ਦੀਆਂ ਇਨ੍ਹਾਂ ਵਾਰਦਾਤਾਂ ਨੂੰ ਆਪਣੇ ਸਿਆਸੀ ਨੰਬਰ ਬਣਾਉਣ ਲਈ ਵਰਤ ਰਹੇ ਹਨ। ਰਾਹੁਲ ਗਾਂਧੀ ਨੇ ਇਨ੍ਹਾਂ ਪਿੰਡਾਂ ਦਾ ਦੌਰਾ ਕੀਤਾ ਅਤੇ ਮਾਯਾਵਤੀ ਸਰਕਾਰ ਤੇ ਦੂਸ਼ਣਬਾਜ਼ੀ ਕੀਤੀ। ਸੋਨੀਆ ਗਾਂਧੀ ਨੇ ਵੀ ਬਨਾਰਸ ਵਿਚ ਯੂ.ਪੀ ਕਾਂਗਰਸ ਦੇ ਦੋ ਰੋਜ਼ਾ ਅਜਲਾਸ ਵਿਚ ਮਾਯਾਵਤੀ ਸਰਕਾਰ ਨੂੰ ਜਾਬਰ ਅਤੇ ਕਿਸਾਨਾਂ ਦਾ ਦੁਸ਼ਮਣ ਦੱਸਿਆ।

ਪਰ ਕਿਸਾਨ ਇਸ ਬਿਆਨਬਾਜ਼ੀ ਅਤੇ ਮਹਿਜ਼ ਇਕ ਦੂਜੇ ਤੇ ਚਿੱਕੜ ਸੁੱਟਣ ਨਾਲ ਹੀ ਖ਼ੁਸ਼ ਨਹੀਂ ਹੋ ਸਕਦੇ। ਉਹ ਆਪਣੇ ਮਸਲਿਆਂ ਦਾ ਹੱਲ ਭਾਲਦੇ ਹਨ। ਮਾਯਾਵਤੀ ਸਰਕਾਰ ਨੇ ਬਹੁਤ ਹੀ ਘੱਟ ਕੀਮਤ ਦੇ ਕੇ ਕਿਸਾਨਾਂ ਤੋਂ ਜ਼ਮੀਨ ਲੈ ਲਈ ਸੀ ਕਿ ਇਹ ਹਜ਼ਾਰਾਂ ਹੀ ਏਕੜ ਜ਼ਮੀਨ ਲੋਕ ਭਲਾਈ ਲਈ ਚਾਹੀਦੀ ਹੈ ਅਤੇ ਉਸਦੀ ਸਰਕਾਰ ਨੇ ਇਹ ਜ਼ਮੀਨ 1894 ਦੇ ਬਸਤੀਵਾਦੀ ਕਾਨੂੰਨ ਤਹਿਤ ਕਿਸਾਨਾਂ ਤੋਂ ਜ਼ਬਰਦਸਤੀ ਬਹੁਤ ਹੀ ਘੱਟ ਕੀਮਤ ਤੇ ਖੋਹ ਲਈ ਸੀ। ਉਹ ਕਹਿੰਦੇ ਹਨ ਕਿ ਮਾਯਾਵਤੀ ਸਰਕਾਰ ਨੇ ਕਿਸਾਨਾਂ ਤੋਂ ਜ਼ਮੀਨ ਖੋਹ ਕੇ ਉਨ੍ਹਾਂ ਨੂੰ ਤਾਂ ਸਿਰਫ਼ 8000 ਕਰੋੜ ਰੁਪਿਆ ਦਿਤਾ ਹੈ ਜਦ ਕਿ ਉਸੇ ਹੀ ਜ਼ਮੀਨ ਨੂੰ ਅੱਗੇ ਡਿਵੈਲਪਰਾਂ ਨੂੰ 76000 ਕਰੋੜ ਦੀ ਵੇਚ ਦਿਤਾ ਹੈ।

ਅਸਲ ਵਿਚ ਇਸ ਸਮੇਂ ਜ਼ਮੀਨ ਵੱਡੇ ਸਰਮਾਏ ਦੀ ਲੋੜ ਹੈ ਤੇ ਉਹ ਮੁਫ਼ਤ ਜਾਂ ਬਹੁਤ ਹੀ ਘੱਟ ਕੀਮਤਾਂ ਤੇ ਕਿਸਾਨਾਂ ਅਤੇ ਹੋਰਨਾਂ ਲੋਕਾਂ ਦੀਆਂ ਜ਼ਮੀਨਾਂ ਹੜੱਪਣਾ ਚਾਹੁੰਦੇ ਹਨ। ਉਹ ਆਪਣੇ ਮੁਨਾਫ਼ੇ ਵੱਧ ਤੋਂ ਵੱਧ ਕਰਨ ਲਈ ਰਿਆਸਤ ਅਤੇ ਸਰਕਾਰ ਨੂੰ ਵਰਤ ਰਹੇ ਹਨ ਜੋ ਕਿਸਾਨਾਂ ਅਤੇ ਹੋਰਨਾਂ ਲੋਕਾਂ ਤੋਂ ਉਨ੍ਹਾਂ ਦੀ ਜ਼ਮੀਨ, ਜੰਗਲ ਅਤੇ ਪਾਣੀ ਖੋਹ ਕੇ ਉਨ੍ਹਾਂ ਦੇ ਹਵਾਲੇ ਕਰ ਰਹੇ ਹਨ। ਜ਼ਮੀਨ, ਜੰਗਲ ਅਤੇ ਪਾਣੀ ਲੋਕਾਂ ਦੇ ਰੁਜ਼ਗਾਰ ਅਤੇ ਰੋਜ਼ੀ ਰੋਟੀ ਦੇ ਸਾਧਨ ਹਨ। ਜ਼ਮੀਨ ਤੇ ਜੰਗਲ ਖੁੱਸ ਜਾਣ ਦੇ ਬਾਅਦ ਇਨ੍ਹਾਂ ਲੋਕਾਂ ਕੋਲ ਗੁਜ਼ਾਰਾ ਕਰਨ ਲਈ ਕੁਝ ਵੀ ਨਹੀਂ ਬਚਦਾ। ਪਰ ਵੱਡੇ ਸਰਮਾਏ ਨੂੰ ਇਸ ਦੀ ਕੋਈ ਫਿਕਰ ਨਹੀਂ ਤੇ ਉਨ੍ਹਾਂ ਦੀਆਂ ਸਿਆਸੀ ਪਾਰਟੀਆਂ, ਰਿਆਸਤ ਅਤੇ ਸਰਕਾਰ ਨੂੰ ਵੀ ਲੋਕਾਂ ਦਾ ਕੋਈ ਫਿਕਰ ਨਹੀਂ।

ਬਸਤੀਵਾਦੀਆਂ ਦੇ ਵੇਲੇ ਦੇ ਭੂਮੀ-ਕਾਨੂੰਨ ਤਹਿਤ ਜ਼ਮੀਨ ਖੋਹਣ ਦੇ ਖ਼ਿਲਾਫ਼ ਹਿੰਦੁਸਤਾਨ ਭਰ ਵਿਚ ਕਿਸਾਨਾਂ ਅਤੇ ਕਬਾਇਲੀ ਲੋਕਾਂ ਵਿਚ ਬਹੁਤ ਰੋਹ ਹੈ। ਹੁਣ ਸਰਕਾਰ ਇਕ ਨਵਾਂ ਕਾਨੂੰਨ ਪਾਰਲੀਮੈਂਟ ਵਿਚ ਲਿਆਉਣ ਦੀ ਗੱਲ ਕਰ ਰਹੀ ਹੈ। ਸਰਮਾਏਦਾਰੀ ਦੇ ਹਮਲੇ ਖ਼ਿਲਾਫ਼ ਲੋਕ ਜੱਦੋ-ਜਹਿਦ ਤੇਜ਼ ਕਰ ਰਹੇ ਹਨ ਜੋ ਕਈ ਵਾਰ ਰਿਆਸਤ ਦੀ ਪੁਲੀਸ ਅਤੇ ਨੀਮ ਫ਼ੌਜ ਨਾਲ ਟਾਕਰੇ ਦੀ ਸ਼ਕਲ ਵੀ ਅਖਤਿਆਰ ਕਰ ਲੈਂਦੀ ਹੈ। ਲੋਕ ਇਹ ਆਵਾਜ਼ ਵੀ ਉਠਾ ਰਹੇ ਹਨ ਕਿ ਸਾਰੇ ਕੁਦਰਤੀ ਵਸੀਲੇ ਮੁਕਾਮੀ ਲੋਕਾਂ ਦੇ ਕੰਟਰੋਲ ਵਿਚ ਹੋਣੇ ਚਾਹੀਦੇ ਹਨ ਅਤੇ ਇਨ੍ਹਾਂ ਬਾਰੇ ਫ਼ੈਸਲੇ ਵੀ ਉਸ ਪਿੰਡ ਜਾਂ ਇਲਾਕੇ ਵਿਚ ਰਹਿਣ ਵਾਲੇ ਲੋਕਾਂ ਦੇ ਹੱਥ ਵਿਚ ਹੋਣੇ ਚਾਹੀਦੇ ਹਨ।
ਜ਼ਮੀਨ, ਜੰਗਲ ਅਤੇ ਪਾਣੀ ਦਾ ਕੰਟਰੋਲ ਆਪਣੇ ਹੱਥ ਵਿਚ ਲੈਣ ਲਈ ਇਕ ਵੱਡੀ ਲਹਿਰ ਹਿੰਦੁਸਤਾਨ ਦੇ ਕਈ ਇਲਾਕਿਆਂ ਵਿਚ ਉੱਠ ਰਹੀ ਹੈ ਤੇ ਜ਼ਮੀਨ, ਜੰਗਲ ਅਤੇ ਪਾਣੀ ਦੇ ਖੋਹੇ ਜਾਣ ਦੇ ਖ਼ਿਲਾਫ਼ ਲੋਕ ਆਪਣੀ ਜਾਨ ਦੀ ਬਾਜ਼ੀ ਵੀ ਲਾ ਰਹੇ ਹਨ। ਇਹ ਲਹਿਰ ਆਮ ਲੋਕਾਂ ਦੀ ਲਹਿਰ ਹੈ ਅਤੇ ਸਰਮਾਏਦਾਰ ਇਸ ਲਹਿਰ ਨੂੰ ਕੁਚਲਣ ਲਈ ਹਰੇਕ ਹਰਬਾ ਵਰਤ ਰਹੇ ਹਨ।